# ਪਬਲਿਕ ਗਾਰਡੀਅਨ ਐਂਡ ਟਰੱਸਟੀ ਨਾਲ ਸੰਪਰਕ ਕਰੋ

Estate and Personal Trust Services
Public Guardian and Trustee
700–808 West Hastings Street
Vancouver, BC V6C 3L3

ਟੈਲੀਫੋਨ **604 660 4444**
ਈਮੇਲ **estates@trustee.bc.ca**
ਵੈੱਬਸਾਈਟ **www.trustee.bc.ca**

---

ਦੂਰੋਂ ਮੁਫਤ ਕਾਲਿੰਗ ਸਰਵਿਸ ਬੀ ਸੀ ਦੇ ਰਾਹੀਂ ਉਪਲਬਧ ਹੈ। ਆਪਣੇ ਏਰੀਏ ਲਈ ਢੁਕਵਾਂ ਨੰਬਰ ਡਾਇਲ ਕਰਨ ਤੋਂ ਬਾਅਦ (ਹੇਠਾਂ ਦੇਖੋ) ਪਬਲਿਕ ਗਾਰਡੀਅਨ ਐਂਡ ਟਰੱਸਟੀ ਵੱਲ ਬਦਲੇ ਜਾਣ ਲਈ ਬੇਨਤੀ ਕਰੋ। (ਦਫਤਰ ਖੁੱਲ੍ਹਣ ਦਾ ਆਮ ਸਮਾਂ, ਸੋਮਵਾਰ ਤੋਂ ਸ਼ੁਕਰਵਾਰ ਤੱਕ, ਸਵੇਰ ਦੇ 8:30 ਵਜੇ ਤੋਂ ਬਾਅਦ ਦੁਪਹਿਰ 4:30 ਵਜੇ ਤੱਕ)।

| | |
|---|---|
| ਵੈਨਕੂਵਰ | **604 660 2421** |
| ਵਿਕਟੋਰੀਆ | **250 387 6121** |
| ਬੀ ਸੀ ਵਿਚ ਹੋਰ ਇਲਾਕੇ | **800 663 7867** |

PGTBC

MARCH 2014 03-14#41
DO YOU HAVE A WILL? - PUNJABI

# ਕੀ ਤੁਸੀਂ ਵਸੀਅਤ ਬਣਾਈ ਹੋਈ ਹੈ?

PGT Public Guardian and Trustee of British Columbia

## ਵਸੀਅਤ ਬਣਾਉਣਾ

ਵਸੀਅਤ ਬਣਾਉਣਾ ਇਕ ਚੰਗਾ ਖਿਆਲ ਹੈ। ਬੀ ਸੀ ਵਿਚ, 16 ਸਾਲ ਜਾਂ ਜ਼ਿਆਦਾ ਉਮਰ ਦਾ ਵਿਅਕਤੀ ਵਸੀਅਤ (ਵਿੱਲ) ਬਣਾ ਸਕਦਾ ਹੈ। ਇਹ ਉਹ ਭੰਬਲਭੂਸਾ ਅਤੇ ਗੈਰਯਕੀਨੀ ਘਟਾ ਸਕਦੀ ਹੈ ਜਿਹੜੀ ਕਦੇ ਕਦੇ ਮੌਤ ਲੈ ਕੇ ਆਉਂਦੀ ਹੈ ਅਤੇ ਤੁਹਾਡੇ ਪਰਿਵਾਰ ਨੂੰ ਦੁਬਾਰਾ ਭਰੋਸਾ ਪ੍ਰਦਾਨ ਕਰ ਸਕਦੀ ਹੈ।

**ਵਸੀਅਤ:**

- ਤੁਹਾਡੇ ਵਲੋਂ ਬਣਾਏ ਗਏ ਵਸੀਅਤ ਦੇ ਪ੍ਰਬੰਧਕ (ਐਗਜ਼ੀਕਿਊਟਰ) ਨੂੰ ਤੁਹਾਡੇ ਸੰਸਕਾਰ ਦੇ ਪ੍ਰਬੰਧ ਕਰਨ ਅਤੇ ਤੁਹਾਡੀ ਇਸਟੇਟ (ਜਾਇਦਾਦ) ਦਾ ਕੰਟਰੋਲ ਲੈਣ ਲਈ ਫੌਰਨ ਕਾਰਵਾਈ ਕਰਨ ਦਿੰਦੀ ਹੈ
- ਤੁਹਾਡੀਆਂ ਚੀਜ਼ਾਂ ਦੀ ਹਿਫਾਜ਼ਤ ਕਰਦੀ ਹੈ ਅਤੇ ਇਹ ਪੱਕਾ ਕਰਦੀ ਹੈ ਕਿ ਉਨ੍ਹਾਂ ਨਾਲ ਉਸ ਤਰ੍ਹਾਂ ਵਰਤਿਆ ਜਾਵੇ ਜਿਵੇਂ ਤੁਸੀਂ ਹਿਦਾਇਤ ਕੀਤੀ ਹੈ
- ਛੋਟੇ ਬੱਚਿਆਂ, ਹੋਰ ਨਿਰਭਰਾਂ ਅਤੇ ਪਾਲਤੂ ਜਾਨਵਰਾਂ ਲਈ ਢੁਕਵੇਂ ਪ੍ਰਬੰਧ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ
- ਪਰਿਵਾਰ ਅਤੇ ਦੋਸਤਾਂ ਨੂੰ ਇਹ ਸਪਸ਼ਟ ਕਰਦੀ ਹੈ ਕਿ ਤੁਹਾਡੀਆਂ ਇੱਛਾਵਾਂ ਕੀ ਹਨ ਅਤੇ ਇਹ ਕਿਸ ਨੇ ਪੂਰੀਆਂ ਕਰਨੀਆਂ ਹਨ
- ਤੁਹਾਡੀ ਜਾਇਦਾਦ ਦੇ ਪ੍ਰਬੰਧ ਲਈ ਖਰਚਿਆਂ ਅਤੇ ਯਤਨਾਂ ਨੂੰ ਘੱਟ ਤੋਂ ਘੱਟ ਕਰਦੀ ਹੈ

ਵਸੀਅਤ ਬਣਾਉਣਾ ਗੁੰਝਲਦਾਰ ਜਾਂ ਮਹਿੰਗਾ ਨਹੀਂ ਹੋਣਾ ਚਾਹੀਦਾ। ਵਕੀਲ ਅਤੇ ਨੋਟਰੀ ਵਸੀਅਤਾਂ ਤਿਆਰ ਕਰਦੇ ਹਨ, ਭਾਵੇਂ ਕਿ ਇਸ ਚੀਜ਼ 'ਤੇ ਕੁਝ ਬੰਦਸ਼ਾਂ ਹਨ ਕਿ ਨੋਟਰੀ ਕਿਸ ਕਿਸਮਾਂ ਦੀਆਂ ਵਸੀਅਤਾਂ ਬਣਾ ਸਕਦੇ ਹਨ। ਵਸੀਅਤ ਬਣਾਉਣ ਲਈ ਸਵੈ-ਮਦਦ ਵਾਲੀਆਂ ਕਿੱਟਾਂ ਵੀ ਉਪਲਬਧ ਹਨ, ਪਰ ਤੁਸੀਂ ਅਜੇ ਵੀ ਪੇਸ਼ਾਵਰ ਸਲਾਹ ਲੈਣਾ ਚਾਹੁੰਦੇ ਹੋ ਸਕਦੇ ਹੋ ਤਾਂ ਜੋ ਇਹ ਪੱਕਾ ਹੋਵੇ ਕਿ ਤੁਹਾਡੀ ਵਸੀਅਤ ਤੁਹਾਡੀਆਂ ਇੱਛਾਵਾਂ ਨੂੰ ਸਪਸ਼ਟ ਤੌਰ 'ਤੇ ਦੱਸਦੀ ਹੈ, ਜਿਸ ਵਿਚ ਤੁਹਾਡੇ ਕਿਸੇ ਛੋਟੇ ਬੱਚਿਆਂ ਲਈ ਗਾਰਡੀਅਨ ਨਿਯੁਕਤ ਕਰਨਾ ਵੀ ਸ਼ਾਮਲ ਹੈ। ਵਸੀਅਤਾਂ ਉਹ ਖੇਤਰ ਹਨ ਜਿੱਥੇ ਪੇਸ਼ਾਵਰ ਸਲਾਹ 'ਤੇ ਖਰਚਾ ਕਰਨਾ ਫਾਇਦੇਮੰਦ ਹੈ।

19 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਗਾਰਡੀਅਨਾਂ ਨੂੰ, ਉਸ ਸਮੇਂ ਲਈ ਆਪਣੀਆਂ ਵਸੀਅਤਾਂ ਵਿਚ ਆਪਣੇ ਬੱਚਿਆਂ ਦੇ ਗਾਰਡੀਅਨ ਨਿਯੁਕਤ ਕਰਨ ਬਾਰੇ ਖਿਆਲ ਰੱਖਣਾ ਚਾਹੀਦਾ ਹੈ, ਜਿੱਥੇ ਬੱਚਿਆਂ ਦੀ ਕਸਟੱਡੀ ਲਈ ਕੋਈ ਪਿੱਛੇ ਬਚਦਾ ਮਾਪਾ ਨਹੀਂ ਹੈ। ਗਾਰਡੀਅਨਾਂ ਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਜਿਸ ਵਿਅਕਤੀ ਨੂੰ ਗਾਰਡੀਅਨ ਬਣਾਇਆ ਗਿਆ ਹੈ, ਉਹ ਇਸ ਮਹੱਤਵਪੂਰਨ ਜ਼ਿੰਮੇਵਾਰੀ ਨੂੰ ਚੁੱਕਣ ਦਾ ਖਾਹਸ਼ਮੰਦ ਹੈ। ਗਾਰਡੀਅਨਾਂ ਨੂੰ ਬੱਚਿਆਂ ਦੀ ਸੰਭਾਲ ਲਈ ਖਰਚਿਆਂ 'ਤੇ ਵੀ ਵਿਚਾਰ ਕਰਨੀ ਚਾਹੀਦੀ ਹੈ।

ਬੀ ਸੀ ਵਿਚ, ਯੋਗ ਵਸੀਅਤ ਦਾ ਲਿਖਤੀ ਰੂਪ ਵਿਚ ਹੋਣਾ ਜ਼ਰੂਰੀ ਹੈ, ਇਸ ਦੇ ਅੰਤ 'ਤੇ ਵਸੀਅਤ ਬਣਾਉਣ ਵਾਲੇ ਲਈ ਦਸਖਤ ਕਰਨਾ ਜ਼ਰੂਰੀ ਹੈ ਅਤੇ ਇਹ ਦਸਖਤ ਦੋ ਜਾਂ ਜ਼ਿਆਦਾ ਗਵਾਹਾਂ ਦੀ ਹਾਜ਼ਰੀ ਵਿਚ ਹੋਣੇ ਹਨ ਜਿਨ੍ਹਾਂ ਗਵਾਹਾਂ ਨੇ ਵੀ ਵਸੀਅਤ 'ਤੇ ਦਸਖਤ ਕਰਨੇ ਹਨ। ਵਸੀਅਤਾਂ ਅਤੇ ਵਸੀਅਤਾਂ ਲਈ ਦਸਤਾਵੇਜ਼ਾਂ ਦੇ ਸੰਬੰਧ ਵਿਚ ਹੋਰ ਜਾਣਕਾਰੀ ਲਈ ਕਿਰਪਾ ਕਰਕੇ *ਵਿੱਲਜ਼, ਇਸਟੇਟਸ ਐਂਡ ਸਕਸੈਸ਼ਨ ਐਕਟ* ਦੇਖੋ।

## ਜੇ ਤੁਸੀਂ ਪਹਿਲਾਂ ਹੀ ਵਸੀਅਤ ਬਣਾਈ ਹੋਈ ਹੈ

ਜੇ ਤੁਸੀਂ ਪਹਿਲਾਂ ਹੀ ਵਸੀਅਤ ਬਣਾਈ ਹੋਈ ਹੈ ਤਾਂ ਤੁਹਾਨੂੰ ਇਸ 'ਤੇ ਹਰ ਕੁਝ ਸਾਲਾਂ ਬਾਅਦ ਵਿਚਾਰ ਕਰਨਾ ਚਾਹੀਦਾ ਹੈ ਤਾਂ ਜੋ ਇਹ ਪੱਕਾ ਹੋਵੇ ਕਿ ਇਹ ਤਾਜ਼ਾ ਹੈ। ਉਦਾਹਰਣ ਲਈ, ਤੁਹਾਡੀ ਜ਼ਿੰਦਗੀ ਦੇ ਹਾਲਾਤ ਬਦਲ ਗਏ ਹੋ ਸਕਦੇ ਹਨ ਜਾਂ ਤੁਹਾਡੀ ਵਸੀਅਤ ਦਾ ਪ੍ਰਬੰਧਕ ਦੂਰ ਮੂਵ ਹੋ ਗਿਆ ਹੋ ਸਕਦਾ ਹੈ ਜਾਂ ਕਿਸੇ ਹੋਰ ਕਾਰਨ ਕਰਕੇ ਹੁਣ ਤੁਹਾਡੀ ਜਾਇਦਾਦ ਦਾ ਪ੍ਰਬੰਧ ਚਲਾਉਣ ਦੇ ਯੋਗ ਨਹੀਂ ਰਿਹਾ ਹੋ ਸਕਦਾ ਹੈ। ਜੇ ਤੁਹਾਡੀ ਵਸੀਅਤ ਤਾਜ਼ਾ (ਅਪ ਟੂ ਡੇਟ) ਨਹੀਂ ਹੈ ਤਾਂ ਨਵੀਂ ਵਸੀਅਤ ਬਣਾਉਣ ਬਾਰੇ ਤੁਹਾਨੂੰ ਕਿਸੇ ਵਕੀਲ ਜਾਂ ਨੋਟਰੀ ਕੋਲ ਜਾਣਾ ਚਾਹੀਦਾ ਹੈ।

## ਆਪਣੀ ਵਸੀਅਤ ਦੇ ਪ੍ਰਬੰਧਕ ਦੀ ਚੋਣ ਕਰਨਾ

ਆਪਣੀ ਵਸੀਅਤ ਦੇ ਪ੍ਰਬੰਧਕ (ਐਗਜ਼ੀਕਿਊਟਰ) ਦੀ ਚੋਣ ਕਰਨਾ ਮਹੱਤਵਪੂਰਨ ਹੈ। ਬਹੁਤੇ ਲੋਕ ਆਪਣੇ ਸਪਾਊਸ (ਪਤਨੀ/ਪਤੀ), ਬਾਲਗ ਬੱਚੇ, ਮਾਪੇ, ਗਾਰਡੀਅਨ ਜਾਂ ਭਰੋਸੇਯੋਗ ਦੋਸਤ ਦੀ ਚੋਣ ਕਰਦੇ ਹਨ। ਕੁਝ ਲੋਕ ਕਿਸੇ ਪੇਸ਼ਾਵਰ ਵਿਅਕਤੀ ਦੀ ਚੋਣ ਕਰਦੇ ਹਨ ਜਿਵੇਂ ਕਿ ਕੋਈ ਵਕੀਲ ਜਾਂ ਟਰੱਸਟ ਕੰਪਨੀ। ਬਦਲਵੇਂ ਰੂਪ ਵਿਚ, ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ) ਵੀ ਤੁਹਾਡੀ ਵਸੀਅਤ ਦਾ ਪ੍ਰਬੰਧਕ ਬਣਨ ਲਈ ਸਹਿਮਤ ਹੋ ਸਕਦਾ ਹੈ। ਤੁਸੀਂ ਜੋ ਵੀ ਕਰੋ, ਸਦਾ ਇਹ ਪੱਕਾ ਕਰੋ ਕਿ ਜਿਸ ਵਿਅਕਤੀ ਨੂੰ ਤੁਸੀਂ ਵਸੀਅਤ ਦਾ ਪ੍ਰਬੰਧਕ ਬਣਾਉਣਾ ਚਾਹੁੰਦੇ ਹੋ, ਉਹ ਕਾਰਜ ਕਰਨ ਦਾ ਖਾਹਸ਼ਮੰਦ ਹੈ।

ਜਦੋਂ ਤੁਸੀਂ ਆਪਣੀ ਵਸੀਅਤ ਬਣਾ ਲਈ ਤਾਂ ਆਪਣੇ ਵਸੀਅਤ ਦੇ ਪ੍ਰਬੰਧਕ ਨੂੰ ਇਹ ਦੱਸੋ ਕਿ ਤੁਸੀਂ ਆਪਣੀ ਵਸੀਅਤ ਅਤੇ ਹੋਰ ਜ਼ਰੂਰੀ ਪੇਪਰ (ਡਾਕੂਮੈਂਟਸ) ਕਿੱਥੇ ਰੱਖੇ ਹਨ। ਤੁਹਾਨੂੰ ਆਪਣੀ ਵਸੀਅਤ ਦੇ ਪ੍ਰਬੰਧਕ ਅਤੇ ਪਰਿਵਾਰ ਨਾਲ ਇਹ ਵਿਚਾਰ ਵੀ ਕਰਨੀ ਚਾਹੀਦੀ ਹੈ ਕਿ ਤੁਸੀਂ ਕਿਸ ਕਿਸਮ ਦਾ ਸੰਸਕਾਰ ਚਾਹੁੰਦੇ ਹੋ। ਫੈਮਿਲੀ ਟ੍ਰੀ ਬਣਾਉ ਕਿਉਂਕਿ ਇਸ ਦੀ ਬਾਅਦ ਵਿਚ ਲੋੜ ਪੈ ਸਕਦੀ ਹੈ, ਅਤੇ ਆਪਣੇ ਲਾਭ-ਪਾਤਰਾਂ (ਬੈਨੇਫਿਸ਼ਰੀਜ਼) ਦੇ ਮੌਜੂਦਾ ਪਤੇ ਅਤੇ ਫੋਨ ਨੰਬਰ ਲਿਖੋ।

ਅਖੀਰ ਵਿਚ, ਜੇ ਤੁਹਾਡੇ ਨੋਟਰੀ ਜਾਂ ਵਕੀਲ ਨੇ ਅਜੇ ਅਜਿਹਾ ਨਹੀਂ ਕੀਤਾ ਤਾਂ ਤੁਹਾਨੂੰ ਆਪਣੀ ਵਸੀਅਤ ਵਾਈਟਲ ਸਟੈਟਿਸਟਿਕਸ ਏਜੰਸੀ ਨਾਲ ਰਜਿਸਟਰ ਕਰਵਾਉਣੀ ਚਾਹੀਦੀ ਹੈ। ਏਜੰਸੀ ਵਸੀਅਤ ਦੀ ਕਾਪੀ ਨਹੀਂ ਰੱਖਦੀ, ਸਿਰਫ ਬਣਾਉਣ ਦੀ ਤਾਰੀਕ ਅਤੇ ਇਸ ਦੇ ਸਥਾਨ ਦਾ ਰਿਕਾਰਡ ਰੱਖਦੀ ਹੈ। ਇਸ ਨਾਲ ਦੂਜਿਆਂ ਨੂੰ ਪਤਾ ਲੱਗਦਾ ਹੈ ਕਿ ਤੁਸੀਂ ਵਸੀਅਤ ਬਣਾਈ ਹੋਈ ਹੈ।

ਪੀ ਜੀ ਟੀ ਦਿੱਤੀਆਂ ਜਾਂਦੀਆਂ ਇਸਟੇਟ ਅਤੇ ਨਿੱਜੀ ਟਰੱਸਟ ਦੀਆਂ ਸੇਵਾਵਾਂ (ਈ ਪੀ ਟੀ ਐੱਸ) ਬਾਰੇ ਹੋਰ ਜਾਣਕਾਰੀ ਸਾਡੇ ਵੈੱਬਸਾਈਟ 'ਤੇ ਦੇਖੀ ਜਾ ਸਕਦੀ ਹੈ: **www.trustee.bc.ca**. ਪ੍ਰਬੰਧਕੀ ਫੀਸਾਂ ਬਾਰੇ ਖਾਸ ਜਾਣਕਾਰੀ "ਫੀਜ਼ ਚਾਰਜਿਡ ਬਾਏ ਦਾ ਪੀ ਜੀ ਟੀ" ਸਿਰਲੇਖ ਹੇਠ ਦਿੱਤੀ ਗਈ ਹੈ।

ਜੇ ਤੁਸੀਂ ਇਹ ਵਿਚਾਰ ਕਰਨਾ ਚਾਹੁੰਦੇ ਹੋਵੋ ਕਿ ਕੀ ਪੀ ਜੀ ਟੀ ਨੂੰ ਆਪਣੀ ਵਸੀਅਤ ਦਾ ਪ੍ਰਬੰਧਕ ਬਣਾਉਣਾ ਢੁਕਵਾਂ ਹੋਵੇਗਾ ਜਾਂ ਨਹੀਂ, ਕਿਰਪਾ ਕਰਕੇ 604.660.4444 'ਤੇ ਫੋਨ ਕਰੋ ਅਤੇ ਈ ਪੀ ਟੀ ਐੱਸ ਵਿਚ ਕੁਆਲਟੀ ਅਸ਼ੋਰੈਂਸ ਮੈਨੇਜਰ ਨਾਲ ਗੱਲ ਕਰਨ ਲਈ ਕਹੋ, ਜਾਂ estates@trustee.bc.ca 'ਤੇ ਸਾਨੂੰ ਈਮੇਲ ਭੇਜੋ।

*ਇਹ ਜਾਣਕਾਰੀ ਪਬਲਿਕ ਗਾਰਡੀਅਨ ਐਂਡ ਟਰੱਸਟੀ ਵਲੋਂ ਲੋਕ ਸੇਵਾ ਦੇ ਤੌਰ 'ਤੇ ਪ੍ਰਦਾਨ ਕੀਤੀ ਗਈ ਹੈ। ਪਬਲਿਕ ਗਾਰਡੀਅਨ ਐਂਡ ਟਰੱਸਟੀ ਕਾਨੂੰਨੀ ਸਲਾਹ ਨਹੀਂ ਦਿੰਦਾ।*